# COVID-19 ਏਜੰਸੀ ਤੱਥ ਸ਼ੀਟ

The Department of Children, Youth, and Families (DCYF) ਨੇ 27 ਮਈ, 2020 ਨੂੰ ਤੱਥ ਸ਼ੀਟ ਨੂੰ ਅਪਡੇਟ ਕੀਤਾ ਸੀ। DCYF ਜ਼ਰੂਰਤ ਦੇ ਮੁਤਾਬਕ ਇਸ ਦਸਤਾਵੇਜ਼ ਨੂੰ ਅਪਡੇਟ ਕਰਦਾ ਰਹੇਗਾ। ਵਧੇਰੀ ਜਾਣਕਾਰੀ ਲਈ **dcyf.wa.gov** 'ਤੇ ਜਾਓ।

COVID-19 ਵਾਇਰਸ ਨੂੰ ਫੈਲਣ ਤੋਂ ਰੋਕਣ ਲਈ, DCYF ਨੇ ਸਾਡੀਆਂ ਸਾਰੀਆਂ ਬਿਲਡਿੰਗਾਂ ਵਿੱਚ ਪਬਲਿਕ ਲਾਬੀਆਂ ਬੰਦ ਕਰ ਦਿੱਤੀਆਂ ਹਨ ਅਤੇ ਵਿਅਕਤਕ ਤੌਰ 'ਤੇ ਕਾਰੋਬਾਰ ਦਾ ਸੰਚਾਲਨ ਨਹੀਂ ਕਰ ਰਿਹਾ ਹੈ।

### ਨਿੱਜੀ ਸੁਰੱਖਿਆ ਉਪਕਰਨ (PPE)

- ਇਸ ਵਿੱਚ ਦਸਤਾਨੇ, ਮਾਸਕ, ਗਾਉਨ, ਜੁਤੇ ਅਤੇ ਫੇਸ ਮਾਸਕ ਸ਼ਾਮਲ ਹਨ।
- DCYF ਨੂੰ PPE ਪ੍ਰਾਪਤ ਹੋਏ ਹਨ ਅਤੇ ਉਹ 24/7 ਸੁਵਿਧਾ ਪਰਿਸਰਾਂ ਵਿੱਚ ਅਤੇ ਉਨ੍ਹਾਂ ਕਰਮਚਾਰੀਆਂ ਨੂੰ ਉਹ ਮੁਹੱਈਆ ਕਰ ਰਹੇ ਹਨ ਜੋ ਸੰਭਾਵੀ ਤੌਰ 'ਤੇ COVID-19 ਵਾਇਰਸ ਦੇ ਸੰਪਰਕ ਵਿੱਚ ਹਨ। ਅਸੀਂ ਜਾਣਦੇ ਹਾਂ ਕਿ ਵਧੇਰੇ PPE ਦੀ ਜ਼ਰੂਰਤ ਹੈ, ਅਤੇ ਅਸੀਂ ਜ਼ਿਆਦਾ ਸੰਖਿਆ ਵਿੱਚ ਉਨ੍ਹਾਂਨੂੰ ਹਾਸਿਲ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।

## ਪਰਿਵਾਰ ਸਹਾਇਤਾ ਪ੍ਰੋਗਰਾਮ

### ਘਰ ਵਿੱਚ ਵਿਜ਼ਿਟ ਕਰਨਾ

- ਮਾਰਚ ਵਿੱਚ, DCYF ਨੇ ਘਰ ਵਿੱਚ ਵਿਜ਼ਿਟ ਕਰਨ ਵਾਲਿਆਂ ਨੂੰ ਵਿਅਕਤਕ ਵਿਜ਼ਿਟਸ ਬੰਦ ਕਰਨ ਅਤੇ ਉਨ੍ਹਾਂ ਦੀ ਬਜਾਏ ਵੀਡੀਓ ਜਾਂ ਟੈਲੀਫ਼ੋਨ ਵਿਜ਼ਿਟਸ ਪੇਸ਼ ਕਰਨ ਲਈ ਕਿਹਾ ਸੀ। ਵਰਚੁਅਲ ਵਿਜ਼ਿਟਸ 30 ਜੂਨ ਤੱਕ ਜਾਰੀ ਰਹਿ ਸਕਦੀਆਂ ਹਨ। ਕੁਝ ਘਰ ਵਿੱਚ ਵਿਜ਼ਿਟ ਕਰਨ ਵਾਲੇ ਪਰਦਾਤਾ ਵੀਡੀਓ ਜਾਂ ਵੈੱਬ-ਅਧਾਰਿਤ ਵਿਜ਼ਿਟਸ ਅਤੇ ਟੈਲੀਫ਼ੋਨ, ਈਮੇਲ ਜਾਂ ਟੈਕਸਟ ਦੀ ਵਰਤੋਂ ਕਰ ਰਹੇ ਹਨ। ਕੁਝ ਪਰਦਾਤਾ ਪਰਿਵਾਰਾਂ ਲਈ, ਇੱਕ ਸੁਰੱਖਿਅਤ ਦੂਰੀ ਤੋਂ, ਉਪਕਰਨ ਪਹੁੰਚਾ ਰਹੇ ਹਨ।
- DCYF ਨੇ Home Visiting Service Account (HVSA) ਦੁਆਰਾ ਵਿੱਤੀ ਸਹਾਇਤਾ ਪ੍ਰਾਪਤ ਪ੍ਰੋਗਰਾਮਾਂ ਨੂੰ 30 ਜੂਨ ਤੱਕ ਵਿਅਕਤਕ ਵਿਜ਼ਿਟਸ ਬੰਦ ਕਰਨ ਲਈ ਕਿਹਾ।
  - ਇਸ ਸਮੇਂ ਦੇ ਦੌਰਾਨ, DCYF ਸਾਰੇ ਖਾਤਿਆਂ ਵਿੱਚ ਜਾਇਜ਼ ਖ਼ਰਚ ਦਾ ਭਾਗਤਾਨ ਕਰੇਗਾ, ਇੱਥੋਂ ਤੱਕ ਕਿ ਓਦੋਂ ਵੀ ਜੇਕਰ ਸਾਰੀਆਂ ਸ਼ਰਤਾਂ ਪੂਰੀਆਂ ਨਹੀਂ ਕੀਤੀਆਂ ਜਾਂਦੀਆਂ।

**Early Support for Infants and Toddlers (ESIT)**

- ਸ਼ੁਰੂਆਤੀ ਸਹਾਇਤਾ ਪਰਦਾਤਾ 30 ਜੂਨ ਤੱਕ ਫ਼ੋਨ ਅਤੇ ਵੀਡੀਓ ਕਾਲਾਂ ਦੀ ਵਰਤੋਂ ਕਰ ਰਹੇ ਹਨ, ਇਸ ਲਈ ਬੱਚਿਆਂ ਅਤੇ ਪਰਦਾਤਾਵਾਂ ਦੇ ਵਿਚਕਾਰ ਵਿਜ਼ਿਟਸ ਸੁਰੱਖਿਅਤ ਢੰਗ ਨਾਲ ਜਾਰੀ ਰਹਿ ਸਕਦੀਆਂ ਹਨ।

## ਬਾਲ ਕਲਿਆਣ

### ਇਨਟੇਕ ਲਾਈਨ

- DCYF ਆਪਣੀ ਮੁਫ਼ਤ 24/7 ਬਦਸਲੂਕੀ ਅਤੇ ਅਣਗਹਿਲੀ ਹੌਟਲਾਈਨ 1-866-363-4276 ਨੂੰ ਚਲਾ ਰਿਹਾ ਹੈ।

### ਮੁਲਾਕਾਤ

- DCYF ਵਿਅਕਤਕ ਵਿਜ਼ਿਟਸ ਨੂੰ ਬਹਾਲ ਕਰ ਰਿਹਾ ਹੈ ਪਰ COVID-19 ਮਹਾਂਮਾਰੀ ਦੇ ਦੌਰਾਨ, ਵਰਚੁਅਲ ਅਤੇ ਵਿਅਕਤਕ ਵਿਜ਼ਿਟਸ ਦੇ ਮੇਲ ਰਾਹੀਂ ਵਿਜ਼ਿਟਸ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ।

- ਬੱਚਿਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ, DCYF ਦੁਆਰਾ ਵਿਅਕਤਕ ਤੌਰ 'ਤੇ, ਬਾਲ ਸ਼ੋਸ਼ਣ ਜਾਂ ਅਣਗਹਿਲੀ ਦੀਆਂ ਰਿਪੋਰਟਾਂ ਦੀ ਜਾਂਚ ਜਾਰੀ ਹੈ।
- ਸਾਰੇ ਪ੍ਰਤੀਭਾਗੀਆਂ ਲਈ ਵਿਜ਼ਿਟਸ ਨੂੰ ਜਿੰਨਾਂ ਮੁਮਕਿਨ ਹੋਵੇ ਓਨਾਂ ਸੁਰੱਖਿਅਤ ਬਣਾਉਣ ਲਈ DCYF ਨੇ ਪਰਦਾਤਾਵਾਂ ਨੂੰ DOH ਸਿਹਤ ਮਾਰਗਦਰਸ਼ਨ ਅਤੇ ਪ੍ਰੋਟੋਕਾਲਾਂ ਦੀ ਪਾਲਣਾ ਕਰਨ ਲਈ ਕਿਹਾ।

### ਫੌਸਟਰ ਕੇਅਰ ਲਾਇਸੈਂਸਿੰਗ

- DCYF ਨੇ ਪ੍ਰੋਗਰਾਮਾਂ ਅਤੇ ਪਰਿਵਾਰਾਂ ਦੀ ਮਦਦ ਕਰਨ ਲਈ ਇੱਕ ਐਮਰਜੈਂਸੀ ਫੌਸਟਰ ਕੇਅਰ ਛੋਟ ਅਤੇ ਅਪਵਾਦ ਪਰਕਿਰਿਆ ਤਿਆਰ ਕੀਤੀ।
  - ਜੇਕਰ ਉਹ COVID-19 ਦੇ ਦੌਰਾਨ ਵਾਸ਼ਿੰਗਟਨ ਪ੍ਰਬੰਧਕੀ ਕੋਡ ਦੀਆਂ ਸ਼ਰਤਾਂ ਨੂੰ ਪੂਰਾ ਨਹੀਂ ਕਰਦੇ, ਤਾਂ ਉਪਲਬਧ ਵਿਕਲਪਾਂ ਬਾਰੇ ਚਰਚਾ ਕਰਨ ਲਈ ਫੌਸਟਰ ਕੇਅਰ ਪਰਦਾਤਾਵਾਂ ਨੂੰ ਖੇਤਰੀ ਲਾਇਸੈਂਸਦਾਤਾ ਨਾਲ ਸੰਪਰਕ ਕਰਨ ਦੀ ਲੋੜ ਹੈ।
  - ਇੱਕ ਫੌਸਟਰ ਪੇਰੰਟ ਬਣਨ ਬਾਰੇ ਜਾਣਨ ਲਈ 1-888-543-7414 'ਤੇ ਕਾਲ ਕਰੋ।
- DCYF ਨੇ ਸਾਰੇ ਪਰਦਾਤਾਵਾਂ ਨੂੰ ਸਮਾਜਕ ਦੂਰੀ ਬਣਾ ਕੇ ਰੱਖਣ ਲਈ ਕਿਹਾ ਹੈ, ਜਿਵੇਂ DOH ਅਤੇ ਗਵਰਨਰ ਦੇ ਹੁਕਮ ਵਿੱਚ ਦੱਸਿਆ ਗਿਆ ਹੈ।

### ਪਿੱਠਭੂਮੀ ਦੀ ਜਾਂਚ

ਕੰਮ ਪੂਰਾ ਕਰਨ ਦੇ ਸਮੇਂ ਨੂੰ ਘਟਾਉਣ, ਸੁਰੱਖਿਅਤ ਢੰਗ ਨਾਲ ਰੁਕਾਵਟਾਂ ਨੂੰ ਦੂਰ ਕਰਨ ਅਤੇ ਸੰਭਾਵੀ ਤੌਰ 'ਤੇ ਬੱਚਿਆਂ ਨੂੰ ਦੇਖਭਾਲ ਪ੍ਰਦਾਨ ਕਰਨ ਵਾਲੇ ਲੋਕਾਂ ਦਾ ਮੁਲਾਂਕਣ ਕਰਨ ਲਈ, DCYF ਨੇ ਬਾਲ ਕਲਿਆਣ ਅਤੇ ਸ਼ੁਰੂਆਤੀ ਸਿੱਖਿਆ ਪ੍ਰੋਗਰਾਮਾਂ ਲਈ ਪਿੱਠਭੂਮੀ ਦੀ ਜਾਂਚ ਵਿੱਚ ਬਦਲਾਅ ਕੀਤੇ ਹਨ।

## ਬਾਲ ਦੇਖਭਾਲ

- ਬਾਲ ਦੇਖਭਾਲ ਕੇਂਦਰਾਂ ਅਤੇ ਪਰਿਵਾਰਿਕ ਘਰ ਪਰਦਾਤਾਵਾਂ ਕੋਲ ਹਰ ਕਮਰੇ ਵਿੱਚ ਕੁੱਲ 10 ਤੋਂ ਵੱਧ ਲੋਕ ਨਹੀਂ ਹੋਣੇ ਚਾਹੀਦੇ, ਜਿਨ੍ਹਾਂ ਵਿੱਚ ਬੱਚੇ ਅਤੇ ਬਾਲਗ ਸ਼ਾਮਲ ਹਨ। ਜੇਕਰ ਕੇਂਦਰ ਵਿੱਚ ਇੱਕ ਤੋਂ ਜ਼ਿਆਦਾ ਸਮੂਹਾਂ ਨੂੰ ਵੱਖਰਾ ਕਰਨ ਦੀ ਥਾਂ ਹੈ, ਤਾਂ ਉਹ ਇੰਝ ਕਰ ਸਕਦੇ ਹਨ।
- ਪਹਿਲਾਂ ਪ੍ਰਤੀਕਿਰਿਆ ਕਰਨ ਵਾਲਿਆਂ ਅਤੇ ਜ਼ਰੂਰੀ ਸੇਵਾਵਾਂ ਦੇ ਕਰਮਚਾਰੀਆਂ ਨੂੰ ਬਾਲ ਦੇਖਭਾਲ ਦੀ ਲੋੜ ਹੁੰਦੀ ਹੈ (ਨਰਸਾਂ, ਡਾਕਟਰ, ਕਨੂੰਨ ਲਾਗੂ ਕਰਨ ਵਾਲੇ ਕਰਮਚਾਰੀ, ਅੱਗ ਬੁਝਾਉਣ ਵਾਲੇ ਕਰਮਚਾਰੀ, ਪੈਰਾਮੈਡੀਕਲ ਕਰਮਚਾਰੀ ਅਤੇ ਸਮਾਜਿਕ ਕਾਰਜਕਰਤਾ)। DCYF ਇਹ ਸਿਫ਼ਾਰਸ਼ ਕਰਦਾ ਹੈ ਕਿ ਸਮੁਦਾਇਕ ਜ਼ਰੂਰਤਾਂ ਦੇ ਅਧਾਰ 'ਤੇ ਪਰਦਾਤਾ ਜ਼ਰੂਰੀ ਸੂਚੀ ਵਿੱਚ ਮੌਜੂਦ ਪਰਿਵਾਰਾਂ ਅਤੇ ਸਭ ਤੋਂ ਸੰਵੇਦਨਸ਼ੀਲ ਬੱਚਿਆਂ ਨੂੰ ਸੇਵਾ ਪ੍ਰਦਾਨ ਕਰਨ।
- CARES Act ਦੇ ਤਹਿਤ DCYF ਬਾਲ ਦੇਖਭਾਲ ਪਰਦਾਤਾਵਾਂ ਨੂੰ ਸਹਾਇਤਾ ਪੇਸ਼ ਕਰ ਰਿਹਾ ਹੈ। 30 ਜੂਨ ਜਾਂ ਵਿੱਤੀ ਸਹਾਇਤਾ ਸਮਾਪਤ ਹੋਣ ਤੱਕ ਪਰਦਾਤਾ **wacompass.force.com/PP_LoginPage** 'ਤੇ ਅਨੁਦਾਨ ਵਿੱਤੀ ਸਹਾਇਤਾ ਲਈ ਅਰਜ਼ੀ ਦੇ ਸਕਦੇ ਹਨ।

### ਬਾਲ ਦੇਖਭਾਲ ਵਿੱਤੀ ਸਹਾਇਤਾ

- DCYF ਕਿਰਿਆਵਾਂ ਲਈ ਨਿਯਮਾਂ ਵਿੱਚ ਬਦਲਾਅ ਕਰ ਰਹੀ ਹੈ ਤਾਂ ਜੋ ਇਸ ਸਮੇਂ ਦੇ ਦੌਰਾਨ ਪਰਿਵਾਰ ਬਾਲ ਦੇਖਭਾਲ ਤੱਕ ਪਹੁੰਚ ਪ੍ਰਾਪਤ ਕਰ ਪਾਉਣ।

- ਹਰ 12 ਮਹੀਨਿਆਂ ਬਾਅਦ ਪਰਿਵਾਰਾਂ ਨੂੰ ਦੇਖਭਾਲ ਲਈ ਮੁੜ ਅਧਿਕਾਰਤ ਹੋਣਾ ਪਵੇਗਾ ਅਤੇ ਯੋਗਤਾ ਲਈ ਸ਼ਰਤਾਂ ਮੌਜੂਦ ਹਨ। DCYF ਨਿਯਮਾਂ ਨੂੰ ਲਚੀਲਾ ਬਣਾ ਰਿਹਾ ਹੈ ਤਾਂ ਜੋ ਪਰਿਵਾਰ ਯੋਗ ਰਹਿ ਪਾਉਣ।
- ਜਦੋਂ ਲੋੜੀਂਦਾ ਹੋਵੇ ਓਦੋਂ ਪਰਿਵਾਰਾਂ ਨੂੰ ਮੁੜ ਅਰਜ਼ੀ ਦੇਣੀ ਪਵੇਗੀ ਅਤੇ ਆਪਣੇ ਹਾਲਾਤ ਅਤੇ ਕਿਰਿਆਵਾਂ ਦੀ ਜਾਣਕਾਰੀ ਦੇਣੀ ਪਵੇਗੀ
- ਅਸੀਂ ਪਰਿਵਾਰਾਂ ਨੂੰ ਯੋਗਤਾ ਕਾਇਮ ਰੱਖਣ ਲਈ ਮੁੜ ਅਰਜ਼ੀ ਦੇਣ ਲਈ ਉਤਸ਼ਾਹਿਤ ਕਰਦੇ ਹਾਂ ਤਾਂ ਜੋ ਜਦੋਂ ਲੋੜੀਂਦਾ ਹੋਵੇ ਓਦੋਂ ਉਹ ਬਾਲ ਦੇਖਭਾਲ ਤੱਕ ਪਹੁੰਚ ਪ੍ਰਾਪਤ ਕਰ ਪਾਉਣ।
- Working Connections Child Care ਪ੍ਰਾਪਤ ਕਰਨ ਵਾਲੇ ਪਰਿਵਾਰਾਂ ਲਈ DCYF ਅਪ੍ਰੈਲ, ਮਈ ਅਤੇ ਜੂਨ ਲਈ ਸਹਿਭੁਗਤਾਨਾਂ ਨੂੰ ਮਾਫ਼ ਕਰ ਰਿਹਾ ਹੈ। DCYF ਪਰਦਾਤਾਵਾਂ ਨੂੰ ਪੂਰੀ ਰਕਮ ਦਾ ਭੁਗਤਾਨ ਕਰੇਗਾ, ਜਿਸ ਵਿੱਚ ਮੂਲ ਦਰ ਅਤੇ ਕਿਸੇ ਪਰਿਵਾਰ ਦੁਆਰਾ ਚੁਕਾਈ ਜਾਣ ਵਾਲੀ ਸਹਿਭੁਗਤਾਨ ਦੀ ਰਕਮ , ਦੋਵੇਂ ਸ਼ਾਮਲ ਹਨ।

**Early Achievers (ਅਰਲੀ ਅਚੀਵਰਜ਼) ਪ੍ਰਤੀਭਾਗੀ**

- Early Achievers (ਅਰਲੀ ਅਚੀਵਰਜ਼) ਵਿੱਚ ਹਿੱਸਾ ਲੈਣ ਵਾਲੇ ਪਰਦਾਤਾ ਗੁਣਵੱਤਾ ਸੁਧਾਰ ਇਨਾਮ ਅਤੇ ਆਪਣੀ ਭਰਤੀ-ਅਧਾਰਿਤ ਭੁਗਤਾਨ ਨਾਲ ਜੁੜੀ ਸ਼ਰੇਣੀਬੱਧ ਅਦਾਇਗੀ ਦਰ ਪ੍ਰਾਪਤ ਕਰਦੇ ਰਹਿਣਗੇ। ਗਵਰਨਰ Inslee ਨੇ Early Achievers (ਅਰਲੀ ਅਚੀਵਰਜ਼) ਦੀਆਂ ਸਮੱਸਿਆਵਾਂ ਅਤੇ ਸ਼ਰਤਾਂ ਨਾਲ ਸੰਬੰਧਿਤ ਉਨ੍ਹਾਂ ਕਨੂੰਨਾਂ ਵਿੱਚ ਛੋਟ ਦਿੱਤੀ ਹੈ ਜੋ ਇਨ੍ਹਾਂ ਦੇ ਭੁਗਤਾਨ ਨੂੰ ਪ੍ਰਭਾਵਿਤ ਨਹੀਂ ਕਰਨਗੇ।

## Juvenile Rehabilitation (JR)

- DCYF ਨੇ ਵਿਅਕਤਕ ਵਿਜ਼ਿਟਸ ਨੂੰ ਵੀਡੀਓ-ਅਧਾਰਿਤ ਵਿਜ਼ਿਟਸ ਨਾਲ ਬਦਲ ਦਿੱਤਾ।
- 24/7 ਸੁਵਿਧਾ ਪਰਿਸਰਾਂ ਵਿੱਚ ਦਾਖਲ ਹੋਣ ਵਾਲੇ ਸਭ ਕਰਮਚਾਰੀਆਂ ਅਤੇ ਵਿਕਰੇਤਾਵਾਂ ਦੀ COVID-19 ਦੇ ਲੱਛਣਾਂ ਲਈ ਪੂਰਵ-ਜਾਂਚ ਕੀਤੀ ਜਾਣੀ ਚਾਹੀਦੀ ਹੈ।
- JR ਬਿਲਡਿੰਗ ਵਿੱਚ ਦਾਖਲ ਹੋਣ ਤੋਂ ਪਹਿਲਾਂ, ਕਰਮਚਾਰੀਆਂ, ਵਿਕਰੇਤਾਵਾਂ ਅਤੇ ਠੇਕੇਦਾਰਾਂ ਨੂੰ ਇਹ ਪੁੱਛਿਆ ਜਾਵੇਗਾ ਕਿ ਉਹ ਲੱਛਣ ਵਿਖਾਉਣ ਵਾਲੇ ਕਿਸੇ ਵਿਅਕਤੀ ਦੇ ਸੰਪਰਕ ਵਿੱਚ ਆਏ ਹਨ ਜਾਂ ਨਹੀਂ।
- ਸੁਵਿਧਾ ਪਰਿਸਰਾਂ ਵਿੱਚ ਦਾਖਲ ਹੋਣ 'ਤੇ ਸਭ ਕਰਮਚਾਰੀਆਂ, ਵਸਨੀਕਾਂ ਅਤੇ ਠੇਕੇਦਾਰਾਂ ਨੂੰ ਆਪਣੇ ਹੱਥ ਧੋਣੇ ਪੈਣਗੇ।
- ਅਸੀਂ ਨਿਯਮਿਤ ਤੌਰ 'ਤੇ ਸੁਵਿਧਾ ਪਰਿਸਰਾਂ, ਖ਼ਾਸ ਤੌਰ 'ਤੇ ਵਾਧੂ ਸੰਪਰਕ ਵਾਲੀਆਂ ਥਾਂਵਾਂ, ਨੂੰ ਕੀਟਾਣੂਮੁਕਤ ਕਰਦੇ ਹਾਂ।
- ਠੀਮ ਮਹਿਸੂਸ ਨਾ ਹੋਣ 'ਤੇ ਸਾਰੇ ਵਸਨੀਕਾਂ ਨੂੰ ਤੁਰੰਤ ਕਰਮਚਾਰੀਆਂ ਨੂੰ ਸੂਚਿਤ ਕਰਨਾ ਪਵੇਗਾ।
- ਜੇਕਰ ਕੋਈ ਬਿਮਾਰ ਮਹਿਸੂਸ ਕਰਦਾ ਹੈ, ਤਾਂ ਕਰਮਚਾਰੀ ਤੁਰੰਤ ਇੱਕ ਮੈਡੀਕਲ ਪਰਦਾਤਾ ਨਾਲ ਸੰਪਰਕ ਕਰਾਂਗੇ ਅਤੇ ਪਰਿਵਾਰ ਨੂੰ ਸੂਚਿਤ ਕਰਾਂਗੇ।

# ਸੰਪਰਕ

ਕਿਰਪਾ ਕਰਕੇ DCYF ਦੀ ਵੈੱਬਸਾਈਟ 'ਤੇ ਸਾਡੀ ਸੰਪਰਕ ਜਾਣਕਾਰੀ 'ਤੇ ਜਾਓ ਜਾਂ ਕਿਸੇ ਵੀ ਸਵਾਲ ਨਾਲ **dcyf.covid-19@dcyf.wa.gov** 'ਤੇ ਲਿੱਖੋ।

ਜੇਕਰ ਤੁਸੀਂ ਕਿਸੇ ਵਿਕਲਪਕ ਫਾਰਮੈਟ ਜਾਂ ਭਾਸ਼ਾ ਵਿੱਚ ਇਸ ਦਸਤਾਵੇਜ਼ ਦੀਆਂ ਕਾਪੀਆਂ ਚਾਹੁੰਦੇ ਹੋ, ਤਾਂ ਕਿਰਪਾ ਕਰਕੇ DCYF Constituent Relations (1-800-723-4831 | 360-902-8060, **ConstRelations@dcyf.wa.gov**) ਨਾਲ ਸੰਪਰਕ ਕਰੋ।

DCYF PUBLICATION COMM_0078 (05-29-2020) PUNJABI (ਪੰਜਾਬੀ) – PA

Washington State Department of
CHILDREN, YOUTH & FAMILIES